# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ

ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਿਟੀ,ਪੰਜਾਬ।
ਸਿੱਖਿਆ ਭਵਨ(ਪੰਜਾਬ ਸਕੂਲ ਸਿੱਖਿਆ ਬੋਰਡ),ਪੰਜਵੀਂ ਮੰਜ਼ਿਲ,ਬਲਾਕ-ਈ,ਫੇਜ਼-8,ਅਜੀਤਗੜ੍ਹ(ਮੋਹਾਲੀ)
ਪੰਜਾਬ-160062 ਫੋਨ ਨੰ: 0172-5212313,5212359 ਫੈਕਸ ਨੰ:0172-5212369,5212370
ਈ-ਮੇਲ:ddssa777@gmail.com Website: ssapunjab.org

ਇਨਫੋਰਸਮੈਂਟ ਸ਼ਾਖਾ

**ਹੁਕਮ ਨੰ: ਇੰਫੋ-2/2013(209340)**
**ਮਿਤੀ: ਐਸ.ਏ.ਐਸ ਨਗਰ: 05-11-2014**

ਸ੍ਰੀਮਤੀ ਬਲਜੀਤ ਕੌਰ, ਸੋਸਲ ਸਟੱਡੀ ਮਿਸਟ੍ਰੈਸ, ਸਰਕਾਰੀ ਹਾਈ ਸਕੂਲ ਧੂਰਕੋਟ ਜਿਲ੍ਹਾ ਬਰਨਾਲਾ ਨੂੰ ਮਿਤੀ: 16-12-13 ਤੋ ਸਰਕਾਰੀ ਡਿਊਟੀ ਤੋ ਅਣ-ਅਧਿਕਾਰਤ ਤੋਰ ਤੇ ਗੈਰਹਾਜਰ ਕਾਰਨ ਵੱਡੀ ਸਜ਼ਾ ਦੇਣ ਲਈ ਲਈ ਪੰਜਾਬ ਸਿਵਲ ਸੇਵਾਵਾਂ (ਸਜ਼ਾ ਤੇ ਅਪੀਲ) ਨਿਯਮਾਂਵਾਲੀ 1970 ਦੇ ਨਿਯਮ 8 ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ, ਪਰ ਕਰਮਚਾਰਨ ਵੱਲੋ ਦੋਸ਼ ਸੂਚੀ ਦਾ ਕੋਈ ਉਤਰ ਨਹੀ ਦਿੱਤਾ ਗਿਆ। ਉਸ ਵਿਰੁੱਧ ਜਾਰੀ ਦੋਸ਼ ਸੂਚੀ ਵਿੱਚ ਲੱਗੇ ਦੋਸ਼ਾਂ ਦੀ ਸਚਾਈ ਜਾਨਣ ਲਈ ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿੱਖਲਾਈ ਸੰਸਥਾ, ਸੰਗਰੂਰ ਜਿਲ੍ਹਾ ਸੰਗਰੂਰ ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ ਸੀ।ਪੜਤਾਲੀਆ ਅਫਸਰ ਵੱਲੋ ਪ੍ਰਾਪਤ ਪੜਤਾਲ ਰਿਪੋਰਟ ਅਨੁਸਾਰ ਕਰਮਚਾਰਨ ਦੇ ਮਿਤੀ: 01-07-2011 ਤੋ 23-08-2011 ਤੱਕ ਅਤੇ ਮਿਤੀ: 16-12-2013 ਤੋ ਬਿਨ੍ਹਾ ਕੋਈ ਸੂਚਨਾਂ ਦਿੱਤੇ ਅਣ-ਅਧਿਕਾਰਤ ਤੋਰ ਤੇ ਗੈਰ-ਹਾਜਰ ਰਹਿਣ ਅਤੇ ਵਿਦੇਸ਼ ਜਾਣ ਦਾ ਦੋਸ਼ ਸਿੱਧ ਹੁੰਦਾ ਹੈ।ਪੜਤਾਲ ਰਿਪੋਰਟ ਦੇ ਆਧਾਰ ਤੇ ਦੋ ਅਖਬਾਰਾਂ ਵਿੱਚ ਦਿੱਤੇ ਪਬਲਿਕ ਨੋਟਿਸ ਰਾਹੀ ਸਬੰਧਤ ਕਰਮਚਾਰਨ ਨੂੰ 21 ਦਿਨ੍ਹਾ ਦੇ ਅੰਦਰ ਅੰਦਰ ਇਸ ਦਫਤਰ ਵਿਖੇ ਨਿੱਜੀ ਤੋਰ ਤੇ ਜਾਂ ਲਿਖਤੀ ਰੂਪ ਵਿੱਚ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਗਿਆ ਸੀ। ਪਰ ਕਰਮਚਾਰਨ ਵੱਲੋ ਪਬਲਿਕ ਨੋਟਿਸ ਦਾ ਸਮਾ ਖਤਮ ਹੋਣ ਤੋ ਬਾਅਦ ਤੱਕ ਕੋਈ ਉਤਰ ਪ੍ਰਾਪਤ ਨਹੀ ਹੋਇਆ ਹੈ । ਉਪਰੋਕਤ ਤੋ ਸਪੱਸ਼ਟ ਹੈ ਕਿ ਕਰਮਚਾਰਨ ਦੀ ਸਰਕਾਰੀ ਨੋਕਰੀ ਕਰਨ ਵਿੱਚ ਕੋਈ ਦਿਲਚਸਪੀ ਨਹੀ ਹੈ ਅਤੇ ਉਹ ਵਿਦੇਸ਼ ਸੈਂਟਲ ਹੋ ਚੁੱਕੀ ਹੈ।

ਇਸ ਲਈ ਮੈਂ ਜੀ.ਕੇ.ਸਿੰਘ, ਆਈ.ਏ.ਐਸ. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ, ਪੜਤਾਲ ਰਿਪੋਰਟ ਅਤੇ ਉਸ ਦੀ ਗੈਰ ਹਾਜਰੀ ਨਾਲ ਸਬੰਧਤ ਰਿਕਾਰਡ ਨੂੰ ਘੋਖਣ ਉਪਰੰਤ ਇਸ ਸਿੱਟੇ ਤੇ ਪੁੱਜਾ ਹਾਂ ਕਿ ਸ੍ਰੀਮਤੀ ਬਲਜੀਤ ਕੌਰ, ਸੋਸਲ ਸਟੱਡੀ ਮਿਸਟ੍ਰੈਸ, ਸਰਕਾਰੀ ਹਾਈ ਸਕੂਲ ਧੂਰਕੋਟ ਜਿਲ੍ਹਾ ਬਰਨਾਲਾ ਜੋ ਮਿਤੀ: 16-12-13 ਤੋ ਜਾਣ ਬੁੱਝ ਕੇ ਆਪਣੀ ਡਿਊਟੀ ਤੋ ਗੈਰ-ਹਾਜਰ ਹੈ ਅਤੇ ਉਹ ਸਰਕਾਰੀ ਸੇਵਾ ਕਰਨ ਵਿੱਚ ਕੋਈ ਦਿਲਚਸਪੀ ਨਹੀ ਰੱਖਦਾ। ਇਸ ਲਈ ਸ੍ਰੀਮਤੀ ਬਲਜੀਤ ਕੌਰ, ਸੋਸਲ ਸਟੱਡੀ ਮਿਸਟ੍ਰੈਸ, ਸਰਕਾਰੀ ਹਾਈ ਸਕੂਲ ਧੂਰਕੋਟ ਜਿਲ੍ਹਾ ਬਰਨਾਲਾ ਨੂੰ ਸਿਵਲ ਸੇਵਾਵਾਂ (ਸਜ਼ਾ ਅਤੇ

ਅਪੀਲ) ਨਿਯਮਾਂਵਲੀ, 1970 ਦੇ ਨਿਯਮ 5 (Viii) ਵੱਡੀਆ ਸਜ਼ਾਵਾਂ ਵਿੱਚ ਵਰਣਿਤ ਸ਼ਜਾ ਦਿੰਦੇ ਹੋਏ ਉਸ ਦੀਆ ਸੇਵਾਵਾਂ ਮਿਤੀ: 16-12-2013 ਤੋ ਖਤਮ ਕੀਤੀਆ ਜਾਂਦੀਆ ਹਨ।

**ਜੀ. ਕੇ. ਸਿੰਘ, ਆਈ. ਏ ਐਸ.**
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੰਠ ਅੰਕਣ ਨੰ: ਇੰਫੋ-2/2013(209340) 720-15 ਮਿਤੀ: ਐਸ. ਏ. ਐਸ ਨਗਰ: 3/12/2014

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਲੋੜੀਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1) ਡੀ. ਪੀ. ਆਈ (ਸੈ:ਸਿ:)ਪੰਜਾਬ ।
2) ਮੰਡਲ ਸਿੱਖਿਆ ਅਫਸਰ ਪਟਿਆਲਾ ਮੰਡਲ ਨਾਭਾ।
3) ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਬਰਨਾਲਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਕਰਮਚਾਰੀ ਦੇ ਵਿਦੇਸ਼/ਪੱਕੇ ਪਤੇ ਤੇ ਸਰਵ ਕਰਵਾ ਕੇ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।
4) ਸ੍ਰੀਮਤੀ ਬਲਜੀਤ ਕੌਰ, ਸੋਸਲ ਸਟੱਡੀ ਮਿਸਟ੍ਰੈਸ, ਪਤਨੀ ਸ੍ਰੀ ਸੁਖਦੀਪ ਸਿੰਘ, B-XIII/1035 ਨਾਨਕਸਰ ਰੋਡ, ਬਰਨਾਲਾ ਜਿਲ੍ਹਾ ਬਰਨਾਲਾ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**